# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 26 ਜੂਨ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਨੇ ਖਿਡੌਣੇ ਦੇ ਕੇ ਹਸਪਤਾਲ ਦੇ ਬੱਚਿਆਂ ਦੇ ਚਿਹਰਿਆਂ 'ਤੇ ਰੌਣਕ ਲਿਆਂਦੀ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 26 ਜੂਨ : ਬੀਤੇ ਦਿਨ ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਥਾਨਕ ਕਮਿਊਨਿਟੀ ਦੀ ਮਦਦ ਨਾਲ ਬੀ ਸੀ ਚਿਲਡਰਨ ਹਸਪਤਾਲ ਵਿੱਚ ਦਾਖ਼ਲ ਬੱਚਿਆਂ ਨੂੰ ਖਿਡੌਣੇ ਦਾਨ ਕੀਤੇ ਗਏ। ਐਸੋਸੀਏਸ਼ਨ ਦੇ ਫਾਊਂਡਰ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ ਦੀ ਅਗਵਾਈ ਵਿਚ ਐਸੋਸੀਏਸ਼ਨ ਦੇ ਮੈਂਬਰਾਂ ਬਲਜੀਤ ਸਿੰਘ ਰਾਏ, ਮਨਜੀਤ ਸਿੰਘ ਚੀਮਾ, ਲਖਵੀਰ ਸਿੰਘ ਗਰੇਵਾਲ, ਹਰਪ੍ਰੀਤ ਸਿੰਘ ਮਾਨਕਟਲਾ, ਇੰਦਰਜੀਤ ਸਿੰਘ ਲੱਧੜ ਅਤੇ ਸੰਦੀਪ ਸਿੰਘ ਧੰਜੂ ਨੇ ਵੱਖ-ਵੱਖ ਬਿਮਾਰੀਆਂ ਨਾਲ ਜੂਝ ਰਹੇ ਬੱਚਿਆਂ ਨੂੰ ਖਿਡੌਣੇ ਦੇ ਕੇ ਉਨਾਂ ਦੇ ਚਿਹਰਿਆਂ ਉਤੇ ਮੁਸਕ੍ਰਾਹਟ ਲਿਆਉਣ ਦੀ ਸਫਲ ਕੋਸ਼ਿਸ਼ ਕੀਤੀ। ਇਸ ਮੌਕੇ ਹਾਜਰ ਇਨ੍ਹਾਂ ਬੱਚਿਆਂ ਦੇ ਮਾਤਾ ਪਿਤਾ ਵੱਲੋਂ ਐਸੋਸੀਏਸ਼ਨ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ ਗਿਆ ਅਤੇ ਆਉਂਦੇ ਸਮੇਂ ਵਿੱਚ ਅਜਿਹੇ ਹੋਰ ਕਾਰਜ ਕਰਨ ਲਈ ਪ੍ਰੇਰਨਾ ਵੀ ਦਿੱਤੀ।

ਐਸੋਸੀਏਸ਼ਨ ਦੇ ਫਾਊਂਡਰ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ ਨੇ ਕਿਹਾ ਕਿ ਅਜਿਹੇ ਕਾਰਜਾਂ ਨਾਲ ਜਿੱਥੇ ਅਸੀਂ ਕਮਿਊਨਿਟੀ ਦੇ ਸੇਵਾ ਕਾਰਜ ਵਿਚ ਆਪਣਾ ਯੋਗਦਾਨ ਪਾ ਰਹੇ ਹਾਂ ਉੱਥੇ ਸਾਨੂੰ ਨਿੱਜੀ ਤੌਰ ਉਤੇ ਵੀ ਬਹੁਤ ਸਕੂਨ ਮਿਲਦਾ ਹੈ। ਉਨ੍ਹਾਂ ਕਿਹਾ ਕਿ ਆਉਂਦੇ ਸਮੇਂ ਵਿੱਚ ਐਸੋਸੀਏਸ਼ਨ ਵੱਲੋਂ ਅਜਿਹੇ ਉਪਰਾਲੇ ਹੋਰ ਵੀ ਵੱਡੀ ਪੱਧਰ ਉਤੇ ਕੀਤੇ ਜਾਣਗੇ। ਉਹਨਾਂ ਕਮਿਊਨਿਟੀ ਵਿੱਚੋਂ ਹੋਰ ਵੀ ਲੋਕਾਂ ਨੂੰ ਐਸੋਸੀਏਸ਼ਨ ਨਾਲ ਜੁੜਨ ਅਤੇ ਅਜਿਹੇ ਨੇਕ ਕੰਮਾਂ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਹੋਂਦ ਵਿੱਚ ਆਈ ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਸਿੱਖੀ ਦੇ ਸਿਧਾਂਤ 'ਸਰਬੱਤ ਦਾ ਭਲਾ' ਦੇ ਨੈਤਿਕ ਆਧਾਰ 'ਤੇ ਬਣਾਈ ਗਈ ਹੈ ਜਿਸ ਦਾ ਉਦੇਸ਼ ਨਿਰਪੱਖ ਹੋ ਕੇ ਸਮਾਜਿਕ ਸੇਵਾ ਅਤੇ ਮਾਨਵਤਾ ਦੀ ਭਲਾਈ ਮਿਥਿਆ ਗਿਆ ਹੈ। ਐਸੋਸੀਏਸ਼ਨ ਵੱਲੋਂ ਆਪਣੇ ਨੇਕ ਕਾਰਜਾਂ ਦੀ ਸ਼ੁਰੂਆਤ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੇਵਕ ਰਾਏ ਬੁਲਾਰ ਜੀ ਦੇ ਵੰਸ਼ਜ ਰਾਏ ਬਿਲਾਲ ਭੱਟੀ ਅਤੇ ਸਈਅਦ ਉੱਲਾਹ ਭੱਟੀ ਦੀ ਕੈਨੇਡਾ ਫੇਰੀ ਦੌਰਾਨ ਉਨ੍ਹਾਂ ਦੇ ਸਨਮਾਨ ਨਾਲ ਕੀਤੀ ਗਈ।

ਐਸੋਸੀਏਸ਼ਨ ਵੱਲੋਂ ਪਿਛਲੇ ਦਿਨੀਂ ਕਮਿਊਨਿਟੀ ਵਿੱਚ ਸਾਰਥਿਕ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਵੀ ਸਨਮਾਨਿਤ ਕੀਤਾ ਗਿਆ ਅਤੇ ਕਲੋਵਰਡੇਲ ਅਥਲੈਟਿਕਸ ਪਾਰਕ ਤੋਂ ਸ਼ਹਿਰ ਵਿੱਚ ਸਫਾਈ ਮੁਹਿੰਮ ਸ਼ੁਰੂ ਕੀਤੀ ਗਈ। ਐਸੋਸੀਏਸ਼ਨ ਵੱਲੋਂ 12 ਜੁਲਾਈ ਨੂੰ ਮਾਨਵਤਾ ਦੀ ਸੇਵਾ ਲਈ ਸਰੀ ਵਿੱਚ ਖੂਨਦਾਨ ਕੈਂਪ ਵੀ ਲਾਇਆ ਜਾ ਰਿਹਾ ਹੈ।

## ਮੂੰਗੀ, ਜਵਾਰ ਅਤੇ ਬਾਜਰੇ ਦਾ ਬੀਜ ਸਬਸਿਡੀ 'ਤੇ ਉਪਲਬਧ : ਮੁੱਖ ਖੇਤੀਬਾੜੀ ਅਫਸਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 26 ਜੂਨ : ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਾਉਣੀ 2025-26 ਦੌਰਾਨ ਨੈਸ਼ਨਲ ਫੂਡ ਸਕਿਉਰਿਟੀ ਮਿਸ਼ਨ ਦਾਲਾਂ ਅਤੇ ਮਿਲਟਸ ਅਧੀਨ ਪੰਜਾਬ ਸਰਕਾਰ ਵੱਲੋਂ ਘੋਸ਼ਿਤ ਨੋਡਲ ਏਜੰਸੀ ਪਨਸੀਡ ਵੱਲੋਂ ਸਪਲਾਈ ਕੀਤਾ ਮੂੰਗੀ, ਜਵਾਰ ਅਤੇ ਬਾਜਰੇ ਦਾ ਬੀਜ ਉਪਦਾਨ (ਸਬਸਿਡੀ) ਤੇ ਮੁਹੱਈਆ ਕਰਵਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਕੁਲਵੰਤ ਸਿੰਘ ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੂੰਗੀ ਦਾ ਬੀਜ 5000/-ਰੁਪਏ ਕੁਇੰਟਲ ਸਹਾਇਤਾ, ਜਵਾਰ ਅਤੇ ਬਾਜਰੇ ਦਾ ਬੀਜ 3000/-ਰੁਪਏ ਕੁਇੰਟਲ ਸਹਾਇਤਾ ਨਾਲ ਤਸਦੀਕਸ਼ੁਦਾ ਬੀਜ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾਵੇਗਾ। ਇਹ ਬੀਜ ਕਿਸਾਨ ਵੀਰਾਂ ਨੂੰ ਖਰੀਦ ਸਮੇਂ ਹੀ ਸਹਾਇਤਾ ਰਾਸ਼ੀ ਘਟਾ ਕੇ ਦਿੱਤਾ ਜਾਵੇਗਾ। ਉਹਨਾਂ ਦੱਸਿਆ ਕਿ ਕਿਸਾਨ ਆਪਣੇ ਮੁਕੰਮਲ ਬਿਨੈ ਪੱਤਰ ਖੇਤੀਬਾੜੀ ਵਿਭਾਗ ਦੇ ਸਰਕਲ ਪੱਧਰ, ਬਲਾਕ ਪੱਧਰ ਜਾਂ ਜਿਲ੍ਹਾ ਪੱਧਰ ਦੇ ਦਫਤਰਾਂ ਵਿੱਚ ਜਮਾਂ ਕਰਵਾ ਸਕਦੇ ਹਨ। ਉਨ੍ਹਾਂ ਸਮੂਹ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਪਰੋਕਤ ਸਕੀਮ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ ਅਤੇ ਫਸਲੀ ਵਿਭਿੰਨਤਾ ਅਧੀਨ ਵੱਧ ਤੋਂ ਵੱਧ ਰਕਬਾ ਝੋਨੇ/ਬਾਸਮਤੀ ਦੇ ਫਸਲੀ ਚੱਕਰ ਵਿੱਚੋਂ ਕੱਢ ਕੇ ਦੂਜੀਆ ਫਸਲਾਂ ਅਧੀਨ ਲਿਆਂਦਾ ਜਾਵੇ ਤਾਂ ਜੋ ਧਰਤੀ ਹੇਠਲੇ ਡੂੰਘੇ ਜਾ ਰਹੇ ਪਾਣੀਆਂ ਦੀ ਬੱਚਤ ਕੀਤੀ ਜਾ ਸਕੇ।

## ਪੁਲਿਸ ਨੇ ਵੱਡੇ ਅੰਤਰ-ਜਿਲ੍ਹਾ ਚੋਰ ਗਿਰੋਹ ਦਾ ਕੀਤਾ ਪਰਦਾਫਾਸ਼

### ਰਾਤ ਸਮੇ ਦੁਕਾਨਾ ਦੇ ਸ਼ਟਰ ਤੋੜ ਕੇ ਚੋਰੀ ਦੀਆਂ ਵਾਰਦਾਤਾਂ ਨੂੰ ਦਿੰਦੇ ਸਨ ਅੰਜਾਮ : ਐਸ.ਐਸ.ਪੀ

### ਗਿਰੋਹ ਵਿੱਚ ਸ਼ਾਮਿਲ 4 ਦੋਸ਼ੀਆਂ ਨੂੰ ਚੋਰੀ ਕੀਤੇ ਸਮਾਨ ਸਮੇਤ 6 ਘੰਟਿਆਂ 'ਚ ਕੀਤਾ ਗ੍ਰਿਫਤਾਰ


### ਮੋਗਾ, ਤਰਨਤਾਰਨ, ਫਿਰੋਜਪੁਰ ਅਤੇ ਫਰੀਦਕੋਟ ਜਿਲ੍ਹੇ ਵਿੱਚ ਹੋਈਆਂ ਚੋਰੀ ਕਰਨ ਦੀਆਂ ਵਾਰਦਾਤ ਵਿੱਚ ਸਨ ਸ਼ਾਮਿਲ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 26 ਜੂਨ : ਗੌਰਵ ਯਾਦਵ ਡੀ.ਜੀ.ਪੀ ਪੰਜਾਬ ਜੀ ਦੇ ਨਿਰਦੇਸ਼ਾ ਤਹਿਤ ਪੰਜਾਬ ਨੂੰ ਸੁਰੱਖਅਤ ਸੂਬਾ ਬਣਾਈ ਰੱਖਣ ਦੀ ਮੁਹਿੰਮ ਤਹਿਤ ਫਰੀਦਕੋਟ ਪੁਲਿਸ ਵੱਲੋਂ ਅਸ਼ਵਨੀ ਕਪੂਰ ਡੀ.ਆਈ.ਜੀ. ਫਰੀਦੋਕਟ ਰੇਜ ਦੀ ਰਹਿਨੁਮਾਈ ਹੇਠ ਇੱਕ ਵੱਡੀ ਕਾਮਯਾਬੀ ਹਾਸਿਲ ਕਰਦਿਆਂ ਚੋਰੀ ਦੀਆ ਵਾਰਦਾਤਾ ਨੂੰ ਅੰਜਾਮ ਦੇਣ ਵਾਲੇ ਇੱਕ ਵੱਡੇ ਅੰਤਰ-ਜਿਲ੍ਹਾ ਚੋਰ ਗਿਰੋਹ ਦਾ ਪਰਦਾਫਾਸ਼ ਕੀਤਾ ਹੈ ਅਤੇ ਉਹਨਾ ਦੇ ਕਬਜੇ ਵਿੱਚੋ ਚੋਰੀ ਕੀਤਾ ਸਮਾਨ ਵੀ ਬਰਾਮਦ ਕੀਤਾ ਗਿਆ ਹੈ। ਇਹ ਜਾਣਕਾਰੀ ਡਾ. ਪ੍ਰਗਿਆ ਜੈਨ ਐਸ.ਐਸ.ਪੀ. ਫਰੀਦਕੋਟ ਵੱਲੋਂ ਬੁੱਧਵਾਰ ਨੂੰ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ। ਗ੍ਰਿਫਤਾਰ ਕੀਤੇ ਗੈਂਗ ਦੇ ਮੈਂਬਰਾਂ ਦੀ ਪਛਾਣ ਪਛਾਣ ਬਵਨ ਸਿੰਘ, ਲਵਪ੍ਰੀਤ ਸਿੰਘ ਉਰਫ ਲਵ, ਅੰਗਰੇਜ ਸਿੰਘ ਉਰਫ ਲਾਡੀ ਅਤੇ ਰਾਹੁਲ ਉਰਫ ਰਾਫੀ ਵਜੋ ਹੋਈ ਹੋਈ ਹੈ। ਇਹ ਚਾਰੇ ਦੋਸ਼ੀ ਫਿਰੋਜ਼ਪੁਰ ਜ਼ਿਲ੍ਹੇ ਦੇ ਨਿਵਾਸੀ ਹਨ। ਪੁਲਿਸ ਟੀਮਾ ਵੱਲੋਂ ਇਹਨਾ ਪਾਸੋ 30 ਪੱਖੇ, 13 ਪੱਖਿਆ ਦੇ ਬਲੇਡ, 01 ਵੂਫਰ ਸੈਟ, 01 ਟੋਸਟਰ, 04 ਇਲੈਕਟਰਾਨਿਕ ਚੁੱਲੇ, 01 ਹੈਡ ਬਲੈਡਰ, 4 ਪੱਖੇ ਸਟੈਂਡ ਵਾਲੇ ਅਤੇ ਚੋਰੀ ਕੀਤੇ ਸਮਾਨ ਨੂੰ ਲਿਜਾਉਣ ਲਈ ਵਰਤੀ ਬਲੈਰੋ ਪਿਕਅੱਪ ਗੱਡੀ ਵੀ ਕਬਜੇ ਵਿੱਚ ਲਈ ਗਈ ਹੈ। ਉਹਨਾ ਦੱਸਿਆ ਕਿ ਇਹਨਾ ਦੇ ਹੀ ਗਿਰੋਹ ਦਾ ਇੱਕ ਮੈਬਰ ਦਵਿੰਦਰ ਸਿੰਘ ਉਰਫ ਮਿੰਟੂ ਜੋ ਕਿ ਫਿਰੋਜਪੁਰ ਦਾ ਰਹਿਣ ਵਾਲਾ ਹੈ, ਉਸ ਨੂੰ ਲੁਧਿਆਣਾ ਪੁਲਿਸ ਦੇ ਥਾਣਾ ਲਾਡੋਵਾਲ ਵੱਲੋਂ ਇੱਕ ਸਕੋਡਾ ਗੱਡੀ ਸਮੇਤ ਕਾਬੂ ਕੀਤਾ ਗਿਆ ਹੈ, ਜਦੋ ਇਹ ਕਿਸੇ ਚੋਰੀ ਦੀ ਘਟਨਾ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਸੀ। ਐਸ.ਐਸ.ਪੀ ਫਰੀਦੋਕਟ ਡਾ. ਪ੍ਰਗਿਆ ਜੈਨ ਨੇ ਕਿਹਾ ਕਿ ਇਸ ਗਿਰੋਹ ਦੇ ਮੈਬਰਾ ਦਾ ਰਿਕਾਰਡ ਕ੍ਰਿਮੀਨਲ ਹੈ, ਇਹਨਾ ਦੇ ਖਿਲਾਫ ਪਹਿਲਾ ਵੀ ਚੋਰੀ ਅਤੇ ਡਿਕੈਤੀ ਸਬੰਧੀ ਮੁਕੱਦਮੇ ਦਰਜ ਹਨ। ਸ਼ੁਰੂਆਤੀ ਜਾਚ ਤੋ ਇਹ ਸਾਹਮਣੇ ਆਇਆ ਹੈ ਕਿ ਗ੍ਰਿਫਤਾਰ ਦੋਸ਼ੀ ਆਪਣੇ ਹੋਰ ਸਾਥੀਆ ਨਾਲ ਮਿਲ ਕੇ 26 ਮਈ ਅਤੇ 23 ਜੂਨ ਦੀ ਰਾਤ ਨੂੰ ਸ਼ਹਿਰ ਅੰਦਰ ਹੋਈਆ ਚੋਰੀ ਦੀਆਂ ਚੋਰੀ ਦੀਆਂ ਵਾਰਦਾਤਾ ਵਿੱਚ ਸ਼ਾਮਿਲ ਸਨ, ਜਿਸ ਦੌਰਾਨ ਇਹਨਾ ਵੱਲੋਂ ਦੁਕਾਨਾ ਅੰਦਰ ਪਿਆ ਸਮਾਨ ਅਤੇ ਨਕਦੀ ਚੋਰੀ ਕੀਤੀ ਗਈ ਸੀ। ਇਸ ਤੋ ਇਲਾਵਾ ਇਹਨਾ ਵੱਲੋਂ ਮਿਤੀ 14/15-05/2025 ਦੀ ਦਰਮਿਆਨੀ ਰਾਤ ਨੂੰ ਜੀਰਾ ਵਿਖੇ ਰੈਡੀਮੇਡ ਸਟੋਰ ਅਤੇ 19.06.2025 ਦੀ ਰਾਤ ਨੂੰ ਤਰਨਤਾਰਨ ਵਿਖੇ ਇੱਕ ਸ਼ਰਾਬ ਠੇਕਾ ਭੰਨ ਕੇ ਸ਼ਰਾਬ ਅਤੇ ਨਕਦੀ ਚੋਰੀ ਅਤੇ ਕਰੀਬ 3/4 ਦਿਨ ਪਹਿਲਾ ਜੀਰਾ ਵਿਖੇ ਇੱਕ ਇਲੈਕਟਰਾਨਿਕਸ ਦੀ ਦੁਕਾਨ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਜਿਸ ਸਬੰਧੀ ਇਹਨਾ ਖਿਲਾਫ ਸਬੰਧਿਤ ਥਾਣਾ ਵਿੱਚ ਮੁਕੱਦਮੇ ਵੀ ਦਰਜ ਕੀਤੇ ਗਏ ਸਨ। ਕਾਰਵਾਈ ਦੀ ਜਾਣਕਾਰੀ ਸਾਂਝੀ ਕਰਦਿਆ ਉਹਨਾ ਦੱਸਿਆ ਕਿ ਬੀਤੀ 23 ਜੂਨ ਦੀ ਰਾਤ ਨੂੰ ਇਹ ਗਿਰੋਹ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਤੋ ਬਾਅਦ ਫਰਾਰ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਫਰੀਦਕੋਟ ਪੁਲਿਸ ਦੀਆਂ ਟੀਮਾ ਵੱਲੋਂ ਤੁਰੰਤ ਨਾਕਾਬੰਦੀ ਕਰਨ ਅਤੇ ਗਸ਼ਤ ਵਧਾਉਣ ਨਾਲ ਇਹ ਆਪਣਾ ਚੋਰੀ ਕੀਤਾ ਸਮਾਨ ਜਹਾਜ ਗਰਾਊਡ ਫਰੀਦਕੋਟ ਵਿੱਚ ਛੁਪਾ ਕੇ ਲੁਕਣ ਦੀ ਫਿਰਾਕ ਵਿੱਚ ਸਨ। ਜਿਸ ਦੋਰਾਨ ਫਰੀਦਕੋਟ ਪੁਲਿਸ ਦੀ ਮੁਸਤੈਦ ਕਾਰਵਾਈ ਨਾਲ ਇਹਨਾ ਨੂੰ ਚੋਰੀ ਦੇ ਸਮਾਨ ਸਮੇਤ ਜਹਾਜ ਗਰਾਊਡ, ਫਰੀਦਕੋਟ ਪਾਸੋ ਗ੍ਰਿਫਤਾਰ ਕੀਤਾ ਗਿਆ। ਇਥੇ ਵੀ ਦੱਸਣਯੋਗ ਹੈ ਕਿ ਫਰੀਦਕੋਟ ਪੁਲਿਸ ਵੱਲੋਂ ਪਿਛਲੇ ਕਰੀਬ 01 ਮਹੀਨੇ ਦੌਰਾਨ ਇਸ ਗਿਰੋਹ ਨੂੰ ਕਾਬੂ ਕਰਨ ਲਈ ਕਈ ਰੇਡ ਵੀ ਕੀਤੀਆਂ ਗਈਆ ਸਨ। ਇਸ ਸਬੰਧੀ ਮੁਕੱਦਮਾ ਨੰਬਰ 276 ਮਿਤੀ 24.06.2025 ਅਧੀਨ ਧਾਰਾ 331(4), 305, 317(2) ਬੀ.ਐਨ.ਐਸ ਥਾਣਾ ਸਿਟੀ ਫਰੀਦਕੋਟ ਦਰਜ ਕੀਤਾ ਗਿਆ ਹੈ। ਐਸ.ਐਸ.ਪੀ ਫਰੀਦੋਕਟ ਨੇ ਦੱਸਿਆ ਕਿ ਗ੍ਰਿਫਤਾਰ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਡ ਹਾਸਿਲ ਕੀਤਾ ਜਾ ਰਿਹਾ ਹੈ। ਰਿਮਾਡ ਹਾਸਿਲ ਕਰਨ ਉਪਰੰਤ ਦੋਸ਼ੀਆਂ ਪਾਸੋ ਹੋਰ ਪੁੱਛਗਿੱਛ ਕੀਤੀ ਜਾਵੇਗੀ। ਜਿਸ ਦੌਰਾਨ ਇਹਨਾਂ ਤੋ ਹੋਰ ਵੀ ਵਾਰਦਾਤਾ ਟਰੇਸ ਹੋਣ ਦੀ ਉਮੀਦ ਹੈ। ਜਿੱਥੇ ਫਰੀਦਕੋਟ ਪੁਲਿਸ ਦੀ ਇਸ ਤੇਜ ਅਤੇ ਤੁਰੰਤ ਕਾਰਵਾਈ ਨਾਲ ਇੱਕ ਵੱਡੇ ਚੋਰ ਗਿਰੋਹ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਿਲ ਹੋਈ ਹੈ, ਇਸ ਦੇ ਨਾਲ ਹੀ ਸ਼ਹਿਰ ਅੰਦਰ ਵਪਾਰੀ ਵਰਗ ਵੱਲੋ ਡਾ. ਪ੍ਰਗਿਆ ਜੈਨ ਐਸ.ਐਸ.ਪੀ. ਫਰੀਦਕੋਟ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਵੀ ਕੀਤਾ ਗਿਆ ਅਤੇ ਪੁਲਿਸ ਪ੍ਰਸ਼ਾਸ਼ਨ ਦੀ ਕਾਰਵਾਈ ਤੇ ਪੂਰੀ ਸੰਤੁਸ਼ਟੀ ਜਾਹਿਰ ਕੀਤੀ। ਉਹਨਾ ਕਿਹਾ ਕਿ ਉਹਨਾ ਨੂੰ ਫਰੀਦਕੋਟ ਪੁਲਿਸ ਵੱਲੋ ਸ਼ਹਿਰ ਅੰਦਰ ਇੱਕ ਸੁਰੱਖਿਅਤ ਮਾਹੌਲ ਸਿਰਜਿਆ ਗਿਆ ਹੈ। ਫਰੀਦਕੋਟ ਪੁਲਿਸ ਵੱਲੋਂ ਮਾੜੇ ਅਨਸਰਾਂ ਖਿਲਾਫ ਲਗਾਤਾਰ ਕਾਰਵਾਈ ਕਰਦੇ ਹੋਏ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਦ੍ਰਿੜਤਾ ਨਾਲ ਨਿਭਾਈ ਜਾ ਰਹੀ ਹੈ। ਜਿਲ੍ਹੇ ਦੇ ਨਾਗਰਿਕਾਂ ਦੀ ਸੁਰੱਖਿਆ ਸਭ ਤੋਂ ਵੱਡੀ ਪ੍ਰਾਥਮਿਕਤਾ ਹੈ, ਅਤੇ ਇਸ ਉਦੇਸ਼ ਲਈ ਫਰੀਦਕੋਟ ਪੁਲਿਸ ਲਗਾਤਾਰ ਮਾੜੇ ਅਨਸਰਾਂ ਖ਼ਿਲਾਫ ਸਖਤ ਕਦਮ ਚੁੱਕਦੀ ਰਹੇਗੀ। ਅਸੀ ਸਮੂਹ ਵਪਾਰੀ ਵਰਗ ਨੂੰ ਦੁਕਾਨਾ ਪਰ ਸੀ.ਸੀ.ਟੀ.ਵੀ. ਕੈਮਰੇ ਅਤੇ ਚੌਂਕੀਦਾਰ ਤਾਇਨਾਤ ਕਰਨ ਦੀ ਅਪੀਲ ਕਰਦੇ ਹਾ।

## ਸਿੱਖ ਧਰਮ ਬਾਰੇ ਸੂਖ਼ਮ ਜਾਣਕਾਰੀ




ਵਰਲਡ ਪੰਜਾਬੀ ਟਾਈਮਜ਼ ਪ੍ਰੋ. ਨਵ ਸੰਗੀਤ ਸਿੰਘ

ਡਾ. ਪਰਮਜੀਤ ਸਿੰਘ ਸਚਦੇਵਾ ਨੇ ਸਿੱਖ ਧਰਮ ਤੇ ਹੋਰ ਧਰਮਾਂ ਬਾਰੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਹਨ। ਯੂਨੀਵਰਸਿਟੀ ਆਫ਼ ਪੈਨਸਿਲਵੇਨੀਆ, ਯੂਐੱਸਏ ਤੋਂ ਪੀਐਚਡੀ ਦੀ ਡਿਗਰੀ ਹਾਸਲ ਕਰ ਚੁੱਕੇ ਡਾ. ਸਚਦੇਵਾ ਨੇ ਵਾਸ਼ਿੰਗਟਨ, ਡੀਸੀ ਵਿਸ਼ਵ ਬੈਂਕ ਵਿੱਚ ਇੱਕ ਸੀਨੀਅਰ ਪ੍ਰਬੰਧਕੀ ਮਾਹਿਰ ਅਤੇ ਸਲਾਹਕਾਰ ਵਜੋਂ ਸੇਵਾਮੁਕਤ ਹੋਣ ਪਿੱਛੋਂ ਬਹੁਤ ਸਾਰੀਆਂ ਯੂਐੱਸ ਅਤੇ ਅੰਤਰਰਾਸ਼ਟਰੀ ਵਿਕਾਸ ਸੰਸਥਾਵਾਂ ਨਾਲ ਕਾਰਜ ਕੀਤਾ ਹੈ। ਸਿੱਖ ਫ਼ਾਊਂਡੇਸ਼ਨ ਆਫ਼ ਵਰਜੀਨੀਆ ਦੇ ਬੋਰਡ ਆਫ਼ ਟ੍ਰੱਸਟੀਜ਼ ਵਿੱਚ ਕੰਮ ਕਰਨ ਤੋਂ ਬਾਦ ਹੁਣ ਉਹ ਫ਼ੇਅਰਫ਼ੈਕਸ ਕਾਊਂਟੀ ਵਰਜੀਨੀਆ ਯੂਐੱਸਏ ਵਿੱਚ ਇੰਟਰਫ਼ੇਥ ਕਮਿਊਨੀਟੀਜ਼ ਫ਼ਾਰ ਡਾਇਲਾਗ ਦੇ ਬੋਰਡ ਆਫ਼ ਡਾਇਰੈਕਟਰਜ਼ ਦਾ ਚੇਅਰਮੈਨ ਹੈ। ਧਰਮ ਤੇ ਸਿੱਖ ਧਰਮ ਬਾਰੇ ਉਹਦੀਆਂ ਲਿਖੀਆਂ ਅੰਗਰੇਜ਼ੀ ਪੁਸਤਕਾਂ ਵਿੱਚ ਐਪਰੀਸ਼ੀਏਟਿੰਗ ਸਿਖਿਜ਼ਮ, ਐਪਰੀਸ਼ੀਏਟਿੰਗ ਆਲ ਰਿਲੀਜਨਜ਼ – ਰਿਲੀਜਸ ਲਿਟਰੇਸੀ ਇਨ ਸਮਾਲ ਬਾਈਟਸ, ਸਿੱਖ ਧਰਮ, ਅੰਡਰਸਟੈਂਡਿੰਗ ਸਿਖਿਜ਼ਮ – ਐੱਸੇਜ਼ ਆਨ ਸਿੱਖ ਕਾਨਸੈਪਟ ਐਂਡ ਬਿਲੀਫ਼ਸ, ਸਿੱਖੀ ਫ਼ਾਰ ਮੀ – ਹੇਅਰ ਐਂਡ ਨਾਓ, ਦ ਮੈਸੇਜ ਆਫ਼ ਭਗਤਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਸ਼ਾਮਲ ਹਨ। ਸਿੱਖ ਧਰਮ ਬਾਰੇ ਉਹਦੇ ਕਈ ਲੇਖ ਐਬਸਟਰੈਕਟ ਆਫ਼ ਸਿੱਖ ਸਟੱਡੀਜ਼, ਸਿੱਖ ਨੈੱਟ.ਕਾਮ ਅਤੇ ਦ ਸਿੱਖ ਬੁਲਿਟਿਨ ਵਿੱਚ ਵੀ ਛਪ ਚੁੱਕੇ ਹਨ।

ਰੀਵਿਊ ਅਧੀਨ ਕਿਤਾਬ 'ਸਿੱਖ ਧਰਮ : ਤੁਲਨਾਤਮਕ ਵਿਸ਼ਲੇਸ਼ਣ ਅਤੇ ਮੁਲਾਂਕਣ' (ਹੇਮਕੁੰਟ ਪਬਲਿਸ਼ਿੰਗ, ਨਵੀਂ ਦਿੱਲੀ, ਪੰਨੇ 224, ਮੁੱਲ 395/-) ਡਾ. ਸਚਦੇਵਾ ਦੀ ਮੂਲ ਕਿਤਾਬ 'ਐਪਰੀਸ਼ੀਏਟਿੰਗ ਸਿੱਖਿਜ਼ਮ' ਦਾ ਅਨੁਵਾਦ ਹੈ, ਜੋ ਪ੍ਰੋ. ਪਰਮਿੰਦਰ ਸਿੰਘ ਅਜ਼ੀਜ਼ (ਸੰਪਾਦਕ ਅਤੇ ਅਨੁਵਾਦਕ) ਅਤੇ ਪ੍ਰੋ. ਕੁਲਵੰਤ ਸਿੰਘ (ਸਹਿ ਸੰਪਾਦਕ) ਦੀ ਦੇਖਰੇਖ ਹੇਠ ਨੇਪਰੇ ਚੜ੍ਹੀ ਹੈ। ਇਸ ਪੁਸਤਕ ਵਿੱਚ ਧੰਨਵਾਦੀ ਸ਼ਬਦ (5-6), ਮੁੱਖਬੰਧ (7-8), ਡਾ. ਮਦਨਜੀਤ ਕੌਰ ਵੱਲੋਂ ਮੁੱਖਬੰਧ (9-12), ਭੂਮਿਕਾ (13-15) ਤੋਂ ਇਲਾਵਾ ਮੁੱਖ ਤੌਰ ਤੇ ਚਾਰ ਅਧਿਆਇ ਬਣਾਏ ਗਏ ਹਨ, ਜੋ ਕਿ ਕ੍ਰਮਵਾਰ ਮਾਨਤਾਵਾਂ ਅਤੇ ਗਤੀਵਿਧੀਆਂ (17-54), ਸਿੱਖ ਸਿੱਧਾਂਤ (55-104), ਸਿੱਖੀ ਅਤੇ ਦੂਜੇ ਧਰਮ (105-139), ਸਿੱਖੀ ਦੀ ਸਿਰਜਨਾ (140-175) ਨਾਂ ਦੇ ਸਿਰਲੇਖਾਂ ਹੇਠ ਦਰਜ ਹਨ। ਇਨ੍ਹਾਂ ਮਹੱਤਵਪੂਰਣ ਚੈਪਟਰਾਂ ਤੋਂ ਬਿਨਾਂ 5 ਅੰਤਿਕਾਵਾਂ ਵੀ ਸ਼ਾਮਲ ਹਨ – ਚੋਣਵੇਂ ਧਰਮਾਂ ਦੇ ਸੰਸਥਾਪਕ ਅਤੇ ਧਰਮ ਗ੍ਰੰਥ (176-178), ਕੁਝ ਧਰਮਾਂ ਦੀਆਂ ਚੋਣਵੀਆਂ ਮਾਨਤਾਵਾਂ (179-194), ਸਿੱਖ ਰਹਿਤ ਮਰਯਾਦਾ ਵਿੱਚੋਂ ਰੋਜ਼ਾਨਾ ਜੀਵਨ ਨਾਲ ਸੰਬੰਧਿਤ ਹਵਾਲੇ (195-196), ਸਿੱਖ ਰਹਿਤ ਮਰਯਾਦਾ ਵਿੱਚੋਂ ਜੀਵਨ ਨਾਲ ਸੰਬੰਧਿਤ ਘਟਨਾਵਾਂ ਨਾਲ ਸੰਬੰਧਿਤ ਹਵਾਲੇ (197-201), ਪਹਿਲੇ 500 ਸਾਲਾਂ ਵਿੱਚ ਸਿੱਖ ਧਰਮ ਦੀਆਂ ਨਵੀਆਂ ਮਾਨਤਾਵਾਂ, ਗਤੀਵਿਧੀਆਂ ਅਤੇ ਸੰਸਥਾਨ (202-204)। ਪੁਸਤਕ ਦੇ ਅੰਤ ਵਿੱਚ ਸ਼ਬਦਾਵਲੀ (205-210) ਦੇ ਅੰਤਰਗਤ ਅੰਦਰਵਾਰ ਆਏ ਪ੍ਰਮੁੱਖ/ਵਿਸ਼ੇਸ਼ ਸ਼ਬਦਾਂ ਬਾਰੇ ਸੰਖਿਪਤ ਵਿਚਾਰ-ਵਿਮਰਸ਼ ਹੈ; ਪੜ੍ਹਨਯੋਗ ਪੁਸਤਕ ਸੂਚੀ (211-214) ਦੇ ਅਧੀਨ ਸਿੱਖ ਧਰਮ ਨਾਲ ਸੰਬੰਧਿਤ ਮਹੱਤਵਪੂਰਣ ਕਿਤਾਬਾਂ; ਅਤੇ ਵਿਸ਼ਾ ਸੂਚੀ (215-222) ਵਿੱਚ ਪੁਸਤਕ ਵਿੱਚ ਆਏ ਪ੍ਰਤੀਨਿਧ ਸੰਕਲਪਾਂ ਦੇ ਪੰਨਾ ਨੰ. ਅੰਕਿਤ ਕੀਤੇ ਗਏ ਹਨ। ਆਖਰੀ ਦੋ ਪੰਨਿਆਂ (223-224) ਤੇ ਪਬਲਿਸ਼ਰ ਵੱਲੋਂ ਲੇਖਕ ਦੀਆਂ ਲਿਖੀਆਂ ਦੋ ਹੋਰ ਪੁਸਤਕਾਂ ਬਾਰੇ ਸੰਖਿਪਤ ਪਰਿਚੈ ਹੈ।

ਪੁਸਤਕ ਦੇ ਸਿਰਫ਼ ਚਾਰ ਅਧਿਆਇ ਹੀ ਮਹੱਤਵਪੂਰਣ ਨਹੀਂ ਹਨ, ਸਗੋਂ ਇਸ ਵਿੱਚ ਅੰਕਿਤ 5 ਅੰਤਿਕਾਵਾਂ ਵੀ ਉਨੀਆਂ ਹੀ ਵਿਸ਼ੇਸ਼ ਹਨ। ਇਨ੍ਹਾਂ ਅੰਤਿਕਾਵਾਂ ਰਾਹੀਂ ਵਿਦਵਾਨ ਲੇਖਕ ਨੇ ਆਪਣੇ ਮਤਿ ਨੂੰ ਹੋਰ ਵਧੇਰੇ ਵਿਸਤਾਰ ਦਿੱਤਾ ਹੈ। ਜਿਸ ਨਾਲ ਜਗਿਆਸੂ/ਪਾਠਕ ਦੇ ਮਨ ਵਿੱਚ ਪੈਦਾ ਹੋਏ ਬਹੁਤ ਸਾਰੇ ਪ੍ਰਸ਼ਨਾਂ/ਸ਼ੰਕਿਆਂ ਦਾ ਸਮਾਧਾਨ ਹੋ ਜਾਂਦਾ ਹੈ। ਇਹ ਪੁਸਤਕ ਪੜ੍ਹ ਕੇ ਸਿਰਫ਼ ਸਿੱਖ ਧਰਮ ਦੀ ਹੀ ਜਾਣਕਾਰੀ ਨਹੀਂ ਮਿਲਦੀ, ਸਗੋਂ ਹੋਰ ਧਰਮਾਂ (ਯਹੂਦੀ, ਹਿੰਦੂ, ਜੈਨ, ਬੁੱਧ, ਈਸਾਈ, ਇਸਲਾਮ) ਦੇ ਮੁੱਢਲੇ ਸੰਕਲਪਾਂ/ਸਿੱਧਾਂਤਾਂ (ਪਰਮਾਤਮਾ ਦਾ ਸਿੱਧਾਂਤ, ਪਰਮਾਤਮਾ ਦਾ ਮਾਰਗ, ਰਚਨਹਾਰ ਵੱਲੋਂ ਮਾਰਗਦਰਸ਼ਨ, ਜੀਵਨ ਜਾਚ, ਪੂਜਾ ਪਾਠ, ਚੋਣ ਅਤੇ ਨੈਤਿਕ ਜੀਵਨ, ਬਰਾਬਰੀ ਅਤੇ ਸਮਾਜਕ ਨਿਆਂ, ਮੌਤ ਅਤੇ ਉਸਤੋਂ ਬਾਦ) ਦੀ ਨਿਸ਼ਾਨਦੇਹੀ ਵੀ ਹੁੰਦੀ ਹੈ।

ਹਰ ਚੈਪਟਰ ਦੇ ਅੱਗੋਂ ਉਪ-ਸਿਰਲੇਖ ਅਤੇ ਉਪ-ਉਪ-ਸਿਰਲੇਖ ਬਣਾਏ ਗਏ ਹਨ। ਪਹਿਲੇ ਦੋ ਚੈਪਟਰਾਂ ਦੇ ਅੰਤ ਵਿੱਚ ਲੇਖਕ ਨੇ ਸਾਰ-ਅੰਸ਼ ਵੀ ਦਿੱਤਾ ਹੈ। ਜਿਵੇਂ ਪਹਿਲੇ ਚੈਪਟਰ ਦਾ ਸਾਰਾਂਸ਼ – "ਸਿੱਖ ਧਰਮ ਦੀਆਂ ਆਪਣੀਆਂ ਮਾਨਤਾਵਾਂ ਅਤੇ ਗਤੀਵਿਧੀਆਂ ਦੀ ਵਿਲੱਖਣ ਪ੍ਰਣਾਲੀ ਹੈ ਜੋ ਕਿ ਹਿੰਦੂ ਧਰਮ ਨਾਲੋਂ ਕਾਫੀ ਭਿੰਨ ਹੈ। ਸਿੱਖ ਹਿੰਦੂ ਨਹੀਂ ਹਨ; ਸਿੱਖ ਧਰਮ ਹਿੰਦੂ ਧਰਮ ਦਾ ਉਪ-ਧਰਮ ਨਹੀਂ ਹੈ ਅਤੇ ਇਸ ਸੱਚ ਨੂੰ ਤੋੜ ਮਰੋੜ ਕੇ ਪੇਸ਼ ਕਰਨ ਵਾਲੀ ਕਿਸੇ ਵੀ ਚਰਚਾ ਤੋਂ ਹਿੰਦੂਆਂ ਅਤੇ ਸਿੱਖਾਂ ਦੋਵਾਂ ਨੂੰ ਠੇਸ ਪਹੁੰਚਣੀ ਲਾਜ਼ਮੀ ਹੈ।" (47)। ਇਵੇਂ ਹੀ ਦੂਜੇ ਚੈਪਟਰ ਦੇ ਸਾਰਾਂਸ਼ ਵਿੱਚ ਦਰਜ ਹੈ – "ਸਿੱਖ ਧਰਮ ਦੇ ਪ੍ਰਮੁੱਖ ਸਿੱਧਾਂਤਾਂ ਵਿੱਚ ਦਸਾਂ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਧਿਆਤਮਕ ਏਕਤਾ; ਮੀਰੀ-ਪੀਰੀ ਜਾਂ 'ਸੰਪੂਰਨ ਜੀਵਨ' ਦਾ ਸਿੱਧਾਂਤ, ਜਿਸ ਨੂੰ ਸਿੱਖ ਗੁਰੂ ਸਾਹਿਬਾਨ ਨੇ ਸਿੱਖਿਆ ਦੇਣ ਦੇ ਨਾਲ ਨਾਲ ਆਪਣੇ ਜੀਵਨ ਵਿੱਚ ਵੀ ਢਾਲਿਆ; ਉਨ੍ਹਾਂ ਦੁਆਰਾ ਵਿਖਾਇਆ ਗਿਆ ਪਰਮਾਤਮਾ ਦੇ ਨਾਮ ਦਾ ਮਾਰਗ; ਮਨੁੱਖੀ ਭਾਈਚਾਰੇ ਅਤੇ ਪੁਰਸ਼ਾਂ ਤੇ ਔਰਤਾਂ ਦੀ ਬਰਾਬਰੀ; ਪੈਸੇ ਦੀ ਠੀਕ ਵੰਡ ਅਤੇ ਦੱਬੇ-ਕੁਚਲੇ ਵਰਗਾਂ ਦੀ ਮਦਦ; ਅਤੇ ਅਨਿਆਂ ਤੇ ਜ਼ੁਲਮ ਦੇ ਵਿਰੁੱਧ ਸੰਘਰਸ਼ ਕਰਨਾ ਸ਼ਾਮਲ ਹੈ। ਇਨ੍ਹਾਂ ਸਿੱਧਾਂਤਾਂ ਵਿੱਚੋਂ ਵਧੇਰੇ ਸਿੱਖ ਧਰਮ ਨੂੰ ਹਿੰਦੂ ਧਰਮ ਸਮੇਤ ਬਾਕੀ ਧਰਮਾਂ ਨਾਲੋਂ ਵੱਖ ਕਰਦੇ ਹਨ।" (100)

ਲੇਖਕ ਦੀ ਵਿਭਿੰਨ ਧਰਮਾਂ ਦੇ ਨਾਲ ਨਾਲ ਸਿੱਖ ਧਰਮ ਤੇ ਡੂੰਘੀ ਪਕੜ ਹੈ ਤੇ ਉਹਨੇ ਵੱਖ ਵੱਖ ਸਰੋਤਾਂ ਤੇ ਹਵਾਲਿਆਂ ਦੇ ਆਧਾਰ ਤੇ ਇਸ ਪੁਸਤਕ ਦੀ ਰਚਨਾ ਕੀਤੀ ਹੈ। ਉਸ ਦੁਆਰਾ ਲਿਖੇ ਵੱਖ ਵੱਖ ਚੈਪਟਰਾਂ ਦੇ ਅੰਤ ਵਿੱਚ ਦਿੱਤੀਆਂ ਟਿੱਪਣੀਆਂ ਤੋਂ ਵਿਦਿਤ ਹੁੰਦਾ ਹੈ ਕਿ ਡਾ. ਸਚਦੇਵਾ ਦੀਆਂ ਮਾਨਤਾਵਾਂ ਆਪੂੰ ਬਣਾਈਆਂ ਹੋਈਆਂ ਨਹੀਂ, ਸਗੋਂ ਉਹਨੇ ਹੋਰਨਾਂ ਲੇਖਕਾਂ, ਵਿਦਵਾਨਾਂ ਦੀਆਂ ਪੁਸਤਕਾਂ ਨੂੰ ਬੜੀ ਬਰੀਕੀ ਨਾਲ ਵਾਚਿਆ ਹੈ। ਇਸ ਵਿੱਚ ਖਾਸ ਤੌਰ ਤੇ ਅੰਗਰੇਜ਼ੀ ਪੁਸਤਕਾਂ ਸ਼ਾਮਲ ਹਨ। ਪਰ ਪੰਨਾ 100, 151, 178 ਅਤੇ 204 ਉੱਤੇ ਡਾ. ਸਚਦੇਵਾ ਦਾ ਇਹ ਮਤਿ ਕਿ "ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ 1678 ਈ. ਵਿੱਚ ਆਦਿ ਗ੍ਰੰਥ ਵਿੱਚ ਸ਼ਾਮਲ ਕਰਕੇ ਸਿੱਖ ਧਰਮ ਗ੍ਰੰਥ ਨੂੰ ਅੰਤਮ ਰੂਪ ਦਿੱਤਾ" ਨਾਲ ਮੇਰਾ ਮਤਿ-ਭੇਦ ਹੈ। ਇਸਦਾ ਕੋਈ ਹਵਾਲਾ ਵੀ ਲੇਖਕ ਨੇ ਉਧ੍ਰਿਤ ਨਹੀਂ ਕੀਤਾ ਕਿ ਇਹ ਸੰਨ ਉਹਨੇ ਕਿੱਥੋਂ ਪ੍ਰਾਪਤ ਕੀਤਾ ਹੈ। ਅਸਲੀਅਤ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ (ਤਲਵੰਡੀ ਸਾਬੋ, ਗੁਰੂ ਕਾਸ਼ੀ, ਜ਼ਿਲ੍ਹਾ ਬਠਿੰਡਾ) ਵਿਖੇ ਸੰਨ 1706 ਈ. ਨੂੰ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਕੀਤੀ। ਇਸੇ ਬੀੜ ਦਾ ਨਾਂ 'ਦਮਦਮੀ ਬੀੜ' ਵਜੋਂ ਪ੍ਰਸਿੱਧ ਹੋਇਆ। ਇਸ ਅਸਥਾਨ ਤੇ ਬਾਕਾਇਦਾ ਹਰ ਸਾਲ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨਤਾ ਦਿਵਸ ਵਿਧੀਵਤ ਢੰਗ ਨਾਲ ਮਨਾਇਆ ਜਾਂਦਾ ਹੈ, ਜਿਸ ਵਿੱਚ ਐੱਸਜੀਪੀਸੀ ਦੇ ਨੁਮਾਇੰਦੇ ਵੀ ਸ਼ਾਮਲ ਹੁੰਦੇ ਹਨ। ਦਮਦਮਾ ਸਾਹਿਬ ਵਿਖੇ ਅਧਿਕਾਰਿਤ ਤੌਰ ਤੇ ਇਸ ਬਾਰੇ ਜਾਣਕਾਰੀ ਵੀ ਦਿੱਤੀ ਜਾਂਦੀ ਹੈ। ਏਥੇ ਮੌਜੂਦ ਲਿਖਣਸਰ ਦੇ ਸਰੋਵਰ ਵਿੱਚ ਗੁਰੂ ਜੀ ਨੇ ਬਚੀਆਂ ਹੋਈਆਂ ਕਲਮਾਂ ਤੇ ਸਿਆਹੀ ਜਲ-ਪ੍ਰਵਾਹ ਕਰ ਦਿੱਤੀ। ਏਥੇ ਹੀ ਗੁਰੂ ਜੀ ਦੇ ਮੁਖਾਰਬਿੰਦ ਤੋਂ 48 ਗੁਰਸਿੱਖਾਂ ਨੇ ਆਦਿ ਤੋਂ ਅੰਤ ਤੱਕ ਗੁਰਬਾਣੀ ਦੇ ਅਰਥ ਸੁਣੇ ਤੇ ਫਿਰ ਉਹ ਬ੍ਰਹਮ ਗਿਆਨ ਦੀ ਅਵਸਥਾ ਨੂੰ ਪਹੁੰਚ ਗਏ। ਇਨ੍ਹਾਂ 48 ਗੁਰਸਿੱਖਾਂ ਨੂੰ ਹੀ ਬ੍ਰਹਮ ਗਿਆਨੀ ਕਿਹਾ ਗਿਆ। ਏਥੇ ਹੀ ਬਾਬਾ ਦੀਪ ਸਿੰਘ ਨੇ ਇਸ ਗ੍ਰੰਥ ਦੇ ਹੋਰ ਉਤਾਰੇ ਕੀਤੇ ਜੋ ਹੋਰਨਾਂ ਤਖ਼ਤਾਂ ਤੇ ਭੇਜੇ ਗਏ। ਇਹ ਵੇਰਵਾ ਪ੍ਰਬੁੱਧ ਲੇਖਕ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦੀਆਂ ਲਿਖੀਆਂ ਪੁਸਤਕਾਂ (ਤਖ਼ਤ ਸ੍ਰੀ ਦਮਦਮਾ ਸਾਹਿਬ,1959; ਸ੍ਰੀ ਦਮਦਮਾ ਸਾਹਿਬ ਗੁਰੂ ਕੀ ਕਾਸ਼ੀ, 1995; ਸੰਖੇਪ ਇਤਿਹਾਸ ਸ੍ਰੀ ਦਮਦਮਾ ਸਾਹਿਬ ਗੁਰੂ ਕਾਸ਼ੀ, 2000) ਵਿੱਚ ਵਿਸਤਾਰ ਸਹਿਤ ਉਪਲਬਧ ਹੁੰਦਾ ਹੈ। ਇਸ ਤੱਥ ਦਾ ਇੱਕ ਹੋਰ ਵੱਡਾ ਪ੍ਰਮਾਣ ਹੈ – ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 300 ਸਾਲਾ ਸੰਪੂਰਨਤਾ ਦਿਵਸ ਤੇ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਵੱਲੋਂ 30 ਅਗਸਤ 2006 ਨੂੰ ਰੀਲੀਜ਼ ਕੀਤਾ ਗਿਆ ਕਰੀਬ 100 ਪੰਨਿਆਂ ਦਾ ਅਭਿਨੰਦਨ ਗ੍ਰੰਥ। ਇਸੇ ਕੜੀ ਤਹਿਤ ਦਮਦਮਾ ਸਾਹਿਬ (ਬਠਿੰਡਾ) ਵਿਖੇ ਪੰਜਾਬ ਸਰਕਾਰ ਵੱਲੋਂ 29 ਅਗਸਤ 2006 ਨੂੰ ਰਾਸ਼ਟਰੀ ਪੱਧਰ ਦਾ ਸੈਮੀਨਾਰ ਆਯੋਜਿਤ ਕੀਤਾ ਗਿਆ, ਜਿਸ 25 ਲੇਖਕਾਂ ਨੇ ਸ਼ਮੂਲੀਅਤ ਕੀਤੀ ਸੀ।

ਸ਼ਬਦਜੋੜਾਂ ਦੀਆਂ ਮਾਮੂਲੀ ਗਲਤੀਆਂ (ਚੌਣਵੇਂ, 179; ਔਲਡ, 177; ਚੌਣਵੀਆਂ, 179) ਤੋਂ ਬਿਨਾਂ ਪੁਸਤਕ ਬਹੁਤ ਸੋਹਣੇ ਢੰਗ ਨਾਲ ਪ੍ਰਕਾਸ਼ਿਤ ਕੀਤੀ ਗਈ ਹੈ। ਮੂਲ ਲੇਖਕ ਡਾ. ਸਚਦੇਵਾ, ਅਨੁਵਾਦਕ ਪ੍ਰੋ. ਅਜ਼ੀਜ਼ ਅਤੇ ਸਹਿ ਸੰਪਾਦਕ ਪ੍ਰੋ. ਕੁਲਵੰਤ ਸਿੰਘ ਦੀ ਮਿਹਨਤ ਮੂੰਹੋਂ ਬੋਲਦੀ ਹੈ। ਧਰਮ, ਖਾਸ ਕਰਕੇ ਸਿੱਖ ਧਰਮ ਦੇ ਖੇਤਰ ਵਿੱਚ ਮਹੱਤਵਪੂਰਣ, ਵਿਸਤ੍ਰਿਤ ਅਤੇ ਬਾਰੀਕ ਜਾਣਕਾਰੀ ਪ੍ਰਦਾਨ ਕਰਨ ਲਈ ਇਸ ਪੁਸਤਕ ਦਾ ਨਿੱਘਾ ਸਵਾਗਤ ਹੈ।